№ 000172

12-F-TCL46-645

# PUNJABI

## Paper II

## (Literature)

*Time Allowed : Three Hours* | *Maximum Marks : 300*

*INSTRUCTIONS*

***Candidates should attempt questions 1 and 5 which are compulsory, and any THREE of the remaining questions, selecting at least ONE question from each Section.***

***The number of marks carried by each question is indicated at the end of the question.***

***Answer must be written in Punjabi (Gurmukhi Script).***

punjabiforias.com
by Satinder Sir

### SECTION A

1. ਨਿਮਨ ਅੰਕਿਤ ਕਾਵਿ-ਟੂਕਾਂ ਵਿਚੋਂ ਕਿਸੇ *ਤਿੰਨ* ਦੀ ਆਲੋਚਨਾਤਮਕ ਵਿਆਖਿਆ ਪ੍ਰਸੰਗ ਦਸਕੇ ਕਰੋ : 20×3=60

(ੳ) ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੁ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥

(ਅ) ਖੋਦਸ ਮਾਹ ਰੁਤੀ ਥਿਤੀ ਵਾਰ ਭਲੇ ॥
ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥
ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖ ਮਸਤਕਿ ਭਾਗੋ ॥
ਨਾਨਕ ਅਹਿਨਿਸ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥੧੭॥

(ੲ) ਫੜ ਨੁਕਤਾ ਛੋੜ ਹਿਸਾਬਾਂ ਨੂੰ, ਕਰ ਦੂਰ ਕੁਫ਼ਰ ਦਿਆਂ ਬਾਬਾਂ ਨੂੰ ।
ਲਾਹ ਦੋਜ਼ਖ ਗੋਰ ਅਜ਼ਾਬਾਂ ਨੂੰ, ਕਰ ਸਾਫ਼ ਦਿਲੇ ਦਿਆਂ ਖਾਬਾਂ ਨੂੰ ।
ਗੱਲ ਏਸੇ ਘਰ ਵਿਚ ਢੁਕਦੀ ਏ, ਇਕ ਨੁਕਤੇ ਵਿਚ ਗਲ ਮੁਕਦੀ ਏ ।

(ਸ) ਖਰਲ ਹਾਂਸ ਦਾ ਸ਼ਹਿਰ ਮਸ਼ਹੂਰ ਮਲਕਾਂ
ਜਿਥੇ ਸ਼ਿਅਰ ਕੀਤਾ ਯਾਰਾਂ ਵਾਸਤੇ ਮੈਂ ।
ਪਰਖ ਸ਼ਿਅਰ ਦੀ ਆਪ ਕਰ ਲੈਣ ਸ਼ਾਇਰ
ਘੋੜਾ ਫੇਰਿਆ ਵਿਚ ਨਖਾਸ ਦੇ ਮੈਂ ।
ਪੜ੍ਹਨ ਗਭਰੂ ਦੇਸ ਵਿਚ ਖੁਸ਼ ਹੋ ਕੇ
ਫੁਲ ਭੇਜਿਆ ਵਾਸਤੇ ਬਾਸ ਦੇ ਮੈਂ ।
ਵਾਰਿਸ ਸ਼ਾਹ ਨਾ ਅਮਲ ਦੀ ਰਾਸ ਮੈਥੇ
ਕਰਾਂ ਮਾਣ ਨਿਮਾਨੜਾ ਕਾਸ ਤੇ ਮੈਂ ।

"ਗੁਰੂ ਨਾਨਕ ਦਾ ਵਿਸ਼ਵਾਸ ਕੇਵਲ ਇਕ ਅਕਾਲ ਪੁਰਖ ਵਿਚ ਹੈ ਜਿਸ ਤੋਂ ਵਿਛੜੇ ਮਨੁਖ ਦੀ ਸਾਧਨਾ ਤੇ ਸਿਮਰਣ ਦੁਆਰਾ ਉਸ ਨਾਲ ਮੇਲ ਦਾ ਅਨੂਠਾ ਬਿਰਤਾਂਤ ਜਪੁਜੀ ਵਿਚ ਪੇਸ਼ ਕਰਦੇ ਸਮੇਂ ਉਨ੍ਹਾਂ ਨੇ ਧਰਮ ਦੇ ਬਾਹਰੀ ਸਰੂਪ ਦੀ ਥਾਂ ਅੰਦਰੂਨੀ ਤੱਤ ਨੂੰ ਹੀ ਮਹੱਤਵ ਦਿੱਤਾ ਹੈ ।" — ਵਿਆਖਿਆ ਕਰੋ । 60



punjabiforias.com by Satinder Sir
Scanned with CamScanner

3. "ਬਾਬਾ ਫਰੀਦ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੋਣਾ ਸਹਿ-ਹੋਂਦ ਵਾਲੀ ਉਸ ਸੋਚ ਦੀ ਸਵੀਕ੍ਰਿਤੀ ਹੈ ਜਿਸ ਵਿਚ 'ਦੂਜੇ' ਲਈ ਥਾਂ ਹੈ ।" — ਦਲੀਲਾਂ ਤੇ ਉਦਾਹਰਣਾਂ ਸਹਿਤ ਚਰਚਾ ਕਰੋ । 60

4. "ਹੀਰ ਵਾਰਿਸ ਕੇਵਲ ਇਕ ਪ੍ਰੇਮ ਕਹਾਣੀ ਨਹੀਂ, ਇਹ ਆਪਣੇ ਸਮੇਂ ਦੇ ਪੰਜਾਬੀਆਂ ਦੀ ਭਾਸ਼ਾ, ਦੁੱਖਾਂ ਸੁੱਖਾਂ, ਵਿਸ਼ਵਾਸਾਂ, ਸੋਚ ਤੇ ਜੀਵਨ ਸ਼ੈਲੀ ਦਾ ਰੰਗਲਾ ਚਿਤਰ ਹੈ ।" — ਇਸ ਵਿਚਾਰ ਦਾ ਖੰਡਨ ਜਾਂ ਮੰਡਨ ਦਲੀਲਾਂ ਤੇ ਉਦਾਹਰਣਾਂ ਨਾਲ ਕਰੋ । 60

punjabiforias.com
by Satinder Sir

Scanned with CamScanner

## SECTION B

5. ਨਿਮਨ ਲਿਖਿਤ ਕਾਵਿ/ਗਦ ਖੰਡਾਂ ਵਿਚੋਂ ਕਿਸੇ ਤਿੰਨ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ : $20 \times 3 = 60$

(ੳ) ਲੰਦਨ ਕੰਪਨੀ ਸਾਹਿਬ ਕਿਤਾਬ ਡਿੱਠੀ
ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ ।
ਬੁੱਢੇ ਲਾਟ ਨੇ ਚੁਕਿਆ ਆਣ ਬੀੜਾ
ਹਮ ਸਿੰਘ ਸਿਉਂ ਜਾਇ ਕੇ ਲੜੇਗਾ ਜੀ ।
ਘੜੀ ਤੀਨ ਮੇਂ ਜਾਇ ਲਾਹੌਰ ਮਾਰਾਂ
ਐਸੀ ਬਾਤ ਮੇਂ ਫਰਕ ਨਾ ਪੜੇਗਾ ਜੀ ।
ਸ਼ਾਹ ਮੁਹੰਮਦਾ ਫਗਣੋਂ ਤੇਰ੍ਹਵੀਂ ਨੂੰ
ਜਾ ਸ਼ਹਿਰ ਲਾਹੌਰ ਵਿਚ ਵੜੇਗਾ ਜੀ ।

(ਅ) ਪੰਨਾ ਲਾਲ ਚਾਰਜ ਦੇ ਕੇ ਤਨਖਾਹ ਲੈ ਕੇ ਚਲਾ ਗਿਆ, ਪਰ ਸ਼ਿਵਪਾਲ ਸਿਨਹਾ ਦੀ ਚੁਪ-ਚੁਪ ਜਾਰੀ ਰਹੀ । ਉਸ ਨੇ ਜੋ ਕੁਝ ਪੰਨਾ ਲਾਲ ਦੇ ਚਿਹਰੇ ਤੋਂ ਵੇਖਿਆ ਜਾਂ ਜਿਹੜੇ ਵਾਕ ਮਾਲਕ ਨੇ ਆਉਂਦੇ ਪੰਨਾ ਲਾਲ ਨੂੰ ਕਹੇ ਸਨ, ਉਸ ਤੋਂ ਸਭ ਮਾਮਲਾ ਉਸ ਦੀ ਸਮਝ ਵਿਚ ਆ ਗਿਆ । ... ਉਹ ਦਿਲ ਵਿਚ ਪਛਤਾ ਰਿਹਾ ਸੀ ਕਿ ਕਿਉਂ ਉਸ ਨੇ ਇਕ ਗਰੀਬ ਆਦਮੀ ਦੀ ਰੋਜ਼ੀ ਉਤੇ ਛਾਪਾ ਮਾਰਿਆ । ਚਾਰਜ ਲੈਣ ਦੇ ਦੌਰਾਨ ਕਈ ਵਾਰੀ ਉਸ ਦੇ ਦਿਲ ਵਿਚ ਖਿਆਲ ਉਠਿਆ ਕਿ ਅਜੇ ਵੀ ਉਹ ਆਪਣੇ ਆਪ ਨੂੰ ਪੰਨਾ ਲਾਲ ਦੇ ਰਸਤੇ ਵਿਚੋਂ ਹਟਾ ਲਵੇ, ਪਰ ਜੋ ਕੁਝ ਉਹ ਚਾਹੁੰਦਾ ਸੀ, ਕਰ ਨਾ ਸਕਿਆ । ਪਤਾ ਨਹੀਂ ਕਿਉਂ ।



punjabiforias.com by Satinder Sir
Scanned with CamScanner

(ੲ) ਮੇਰੀ ਦਸਤਾਰ ਨੇ ਕਈ ਸੁਆਦਲੇ ਭੁਲੇਖੇ ਵੀ ਪਾਏ । ਆਮਤੌਰ ਤੇ ਹਿੰਦੁਸਤਾਨੀ ਮੁੰਡੇ 'ਰੂਮ ਵਿਚ ਰੂਮੀ ਪੁਸ਼ਾਕਾ' ਦੇ ਅਖਾਣ ਅਨੁਸਾਰ ਪ੍ਰਦੇਸ ਵਿਚ ਪ੍ਰਦੇਸੀਆਂ ਵਰਗੇ ਹੀ ਦਿਸਣ ਦਾ ਜਤਨ ਕਰਦੇ ਹਨ । ਮੈਨੂੰ ਦਸਤਾਰ ਕਰਕੇ ਅੱਡਰਾ ਦਿਸਣਾ ਪੈਂਦਾ ਸੀ । ਇਸ ਲਈ ਉਥੇ ਆਮ ਖਿਆਲ ਕੀਤਾ ਜਾਂਦਾ ਸੀ ਕਿ ਮੈਂ ਕਿਸੇ ਧਾਰਮਿਕ ਸਮਾਜ ਦਾ ਮੋਢੀ ਹਾਂ, ਜਾਂ ਸ਼ਾਹਜ਼ਾਦਾ ਹਾਂ । ਅਖਬਾਰਾਂ ਦੇ ਰਿਪੋਰਟਰ ਮੇਰੇ ਪਿਛੇ ਲਗੇ ਰਹਿੰਦੇ ਸਨ । ਮੇਰੀਆਂ ਤਸਵੀਰਾਂ ਛਾਪ ਕੇ ਮੈਨੂੰ ਵਡਿਆਂ ਦਸਣ ਲਈ ਬਹੁਤੀਆਂ ਮਨਘੜਤ ਤਾਰੀਫ਼ਾਂ ਲਿਖ ਦੇਂਦੇ ਸਨ । ਇਕ ਵਾਰੀ "ਸਿੰਘ ਕਹਿੰਦਾ ਹੈ ਮੈਂ ਸ਼ਾਹਜ਼ਾਦਾ ਨਹੀਂ" ਦੀ ਮੋਟੀ ਸੁਰਖੀ ਹੇਠਾਂ ਡੀਟਰਾਇਟ ਦੀ ਵੀਹ ਲਖ ਰੋਜ਼ਾਨਾ ਛਪਣ ਵਾਲੀ ਡੇਲੀ ਅਖ਼ਬਾਰ ਨੇ ਮੇਰੀ ਬਾਬਤ ਚਾਰ ਵਡੇ ਕਾਲਮ ਕਾਲੇ ਕਰ ਦਿਤੇ ।

(ਸ) ਮੈਂ ਤੈਥੋਂ ਦੂਰ ਰਹਿਣਾ ਚਾਹੁੰਦਾ ਹਾਂ । ਇਥੇ ਖੁਸ਼ਾਮਦੀਆਂ ਦੇ ਸਾਹ ਦੀ ਬੋ ਹੈ । ਤੰਗ ਨਜ਼ਰੀ, ਈਰਖਾ, ਝੂਠ, ਧੋਖਾ । ਤੂੰ ਮੈਨੂੰ ਆਪਣੇ ਅਮੀਰਾਂ ਦੀ ਨਫ਼ਰਤ ਦਾ ਨਿਸ਼ਾਨਾ ਬਣਾ ਦਿਤਾ ਹੈ । — ਉਹਨਾਂ ਦੇ ਘਟੀਆਪੁਣੇ ਤੇ ਕਮੀਨਗੀ ਦਾ ਬਿੰਦੂ । ਮੈਂ ਉਹਨਾਂ ਦੀ ਘਿਰਣਾਂ ਦਾ ਜ਼ਹਿਰ ਚੂਸ ਰਿਹਾ ਹਾਂ । ਮੇਰੇ ਅੰਦਰ ਜ਼ਹਿਰ ਭਰ ਗਿਆ ਹੈ । ਮੇਰੇ ਸਾਹ ਵਿਚ, ਮੇਰੀ ਨਸ ਨਸ ਵਿਚ ਜ਼ਹਿਰ ਹੈ ।

6. "ਨਾਨਕ ਸਿੰਘ ਦੇ ਨਾਵਲਾਂ ਵਿਚ ਅਕਸਰ ਹੀ ਇਕ ਆਦਰਸ਼ ਨਾਇਕਾ ਤੇ ਇਕ ਆਦਰਸ਼ ਨਾਇਕ ਹੁੰਦਾ ਹੈ ਜਿਨ੍ਹਾਂ ਦੁਆਲੇ ਉਹ ਆਪਣੇ ਆਦਰਸ਼ਾਂ ਦੀ ਪੇਸ਼ਕਾਰੀ ਹਿਤ ਅਜੇਹਾ ਦਿਲਚਸਪ ਬਿਰਤਾਂਤ ਉਸਾਰਦਾ ਹੈ ਕਿ ਪਾਠਕ ਆਪ ਮੁਹਾਰੇ ਉਸ ਨਾਲ ਤੁਰ ਪੈਂਦੇ ਹਨ ।" — ਆਪਣੀਆਂ ਪਾਠ ਪੁਸਤਕਾਂ ਦੇ ਆਧਾਰ ਉਤੇ ਇਸ ਕਥਨ ਦਾ ਖੰਡਨ ਜਾਂ ਮੰਡਨ ਕਰੋ । 60



punjabiforias.com by Satinder Sir

Scanned with CamScanner

7. "ਸੰਤ ਸਿੰਘ ਸੇਖੋਂ ਸਾਹਿਤ-ਯਥਾਰਥ ਤੇ ਸਮਾਜਕ-ਯਥਾਰਥ ਨੂੰ ਮਕਾਨਕੀ ਰਿਸ਼ਤੇ ਵਿਚ ਬੰਨ੍ਹਦੇ ਹੋਏ, ਵਸਤੂ ਨੂੰ ਵੇਖਦਾ ਹੈ ਤੇ ਰੂਪ ਨੂੰ ਖਾਸ ਮਹਤਵ ਨਹੀਂ ਦਿੰਦਾ। ਉਹ ਆਪਣੇ ਮੁਲਾਂਕਣ ਵਿਚ ਸਾਹਿਤਕਤਾ ਉਤੇ ਸਮਾਜਿਕਤਾ, ਸਾਹਿਤ ਉਪਰ ਰਾਜਨੀਤੀ ਅਤੇ ਭਾਵਨਾਵਾਂ ਉਤੇ ਬੌਧਿਕਤਾ ਨੂੰ ਲਦ ਦਿੰਦਾ ਹੈ।" — ਇਸ ਵਿਚਾਰ ਦਾ ਖੰਡਨ ਜਾਂ ਮੰਡਨ ਦਲੀਲ ਸਹਿਤ ਕਰੋ। 60

8. "ਗੁਰਬਖਸ਼ ਸਿੰਘ ਪਰਸਪਰ ਪ੍ਰੇਮ ਭਰਪੂਰ, ਉਸਾਰੂ, ਵਿਗਿਆਨਕ, ਸੰਤੁਲਿਤ, ਵਹਿਮਾਂ ਭਰਮਾਂ ਤੋਂ ਮੁਕਤ ਸਮਾਜ ਦਾ ਸੁਪਨਾ ਸਿਰਜਣ ਦਾ ਆਪਣਾ ਉਦੇਸ਼ ਕਦੇ ਵੀ ਅੱਖੋਂ ਉਹਲੇ ਨਹੀਂ ਕਰਦਾ। ਉਸ ਦੇ ਇਸ ਸੁਪਨੇ ਦਾ ਪੂਰਾ ਅਧੂਰਾ ਖ਼ਾਕਾ ਉਸ ਦੀ ਹਰ ਲਿਖਤ ਵਿਚੋਂ ਪਛਾਣਿਆ ਜਾ ਸਕਦਾ ਹੈ।"

— ਆਪਣੀਆਂ ਪਾਠ ਪੁਸਤਕਾਂ ਦੇ ਆਧਾਰ ਉਤੇ ਉਪਰੋਕਤ ਕਥਨ ਦੀ ਸਚਾਈ ਨੂੰ ਪਰਖੋ। 60

punjabiforias.com
by Satinder Sir

Scanned with CamScanner